ਹਵਾਲਾ: 35/18 ਮਿਤੀ:29/03/2018

ਸੇਵਾ ਵਿਖੇ,

1. ਐਸ.ਐਸ.ਪੀ.,
   ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ,
   ਨਵਾਂਸ਼ਹਿਰ।
2. ਐਸ.ਐਚ.ਓ.,
   ਥਾਣਾ ਸਿਟੀ,
   ਨਵਾਂਸ਼ਹਿਰ।

**ਵਿਸ਼ਾ: ਅਸ਼ਲੀਲ ਗਾਣਾ ਗਾਉਣ ਵਾਲੇ ਗਾਇਕ ਸਿੱਪੀ ਗਿੱਲ ਖ਼ਿਲਾਫ਼ ਮੁਕੱਦਮਾ ਦਰਜ ਕਰਨ ਲਈ।**

ਸ੍ਰੀਮਾਨ ਜੀ,

ਆਪ ਦੇ ਧਿਆਨ 'ਚ ਲਿਆਂਦਾ ਜਾ ਰਿਹਾ ਹੈ ਕਿ **ਗਾਇਕ ਸਿੱਪੀ ਗਿੱਲ** (ਪੁੱਤਰ ਜੋਗਿੰਦਰ ਸਿੰਘ, ਪਿੰਡ ਰੌਲੀ, ਜ਼ਿਲ੍ਹਾ ਮੋਗਾ) ਨੇ ਇੱਕ ਗਾਣਾ ਗਾਇਆ ਹੈ,**"ਕੁੜੀ ਏਂ ਤੂੰ ਅਫ਼ੀਮ ਅਫ਼ਗਾਨੀ ਵਰਗੀ ਨੀ ਤੇਰਾ ਚਸਕਾ ਪੈ ਗਿਆ ਜੱਟ ਨੂੰ...।"** ਇਹ ਗਾਣਾ ਨਾ ਸਿਰਫ਼ ਅਸ਼ਲੀਲ ਹੈ ਬਲਕਿ ਔਰਤਾਂ ਲਈ ਨਿਰਾਦਰ ਦੀ ਭਾਵਨਾ ਨਾਲ ਭਰਿਆ ਹੈ।ਭਾਵੇਂ ਇਹ ਗਾਣਾ ਲਗਭਗ ਦੋ ਸਾਲ ਪਹਿਲਾਂ ਤੋਂ ਚੱਲ ਰਿਹਾ ਹੈ ਪਰ ਮੈਨੂੰ ਇਸ ਬਾਰੇ ਕੁਝ ਦਿਨ ਪਹਿਲਾਂ ਹੀ ਪਤਾ ਲੱਗਿਆ ਹੈ।

**ਇੰਡੀਅਨ ਪੀਨਲ ਕੋਡ ਦੀ ਧਾਰਾ 294 ਮੁਤਾਬਕ ਅਜਿਹੇ ਗੀਤ ਗਾਉਣਾ ਪੁਲਸ ਦੁਆਰਾ ਹੱਥ ਪਾਉਣਯੋਗ ਅਪਰਾਧ ਹੈ।**ਮੇਰੀ ਸਿੱਪੀ ਗਿੱਲ ਨਾਲ ਕੋਈ ਨਿੱਜੀ ਰੰਜ਼ਸ ਨਹੀਂ ਹੈ ਤੇ ਨਾ ਹੀ ਮੈਂ ਉਸਨੂੰ ਨਿੱਜੀ ਤੌਰ 'ਤੇ ਜਾਣਦਾ ਹਾਂ।ਇਹ ਸ਼ਿਕਾਇਤ ਕਰਨ ਦੀ ਮੇਰੀ ਕੋਈ ਛੁਪੀ ਹੋਈ ਮਨਸ਼ਾ ਨਹੀਂ ਹੈ।**ਆਪ ਜੀ ਦੇ ਧਿਆਨ 'ਚ ਲਿਆਉਣਾ ਉਚਿਤ ਰਹੇਗਾ ਕਿ ਥਾਣਾ ਸਿਟੀ ਨਵਾਂਸ਼ਹਿਰ ਵਿਖੇ ਹੀ ਮੇਰੇ ਵਲੋਂ ਦਿੱਤੀ ਦਰਖਾਸਤ 'ਤੇ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੀ ਦਖ਼ਲ ਅੰਦਾਜ਼ੀ ਉਪਰੰਤ ਗਾਇਕ ਹਨੀ ਸਿੰਘ ਖਿਲਾਫ ਮੁਕੱਦਮਾ ਦਰਜ ਹੋਇਆ ਸੀ। ਅੱਜ ਕੱਲ੍ਹ ਵੀ ਹਾਈਕੋਰਟ ਵਿਚ ਅਸ਼ਲੀਲ ਗਾਣਿਆਂ ਸਬੰਧੀ ਚੱਲ ਰਹੀ ਇਕ ਜਨਹਿੱਤ ਪਟੀਸ਼ਨ ਦੌਰਾਨ ਹਾਈਕੋਰਟ ਨੇ ਬਹੁਤ ਗੰਭੀਰ ਟਿੱਪਣੀਆਂ ਕੀਤੀਆਂ ਹਨ।**
ਕਿਰਪਾ ਕਰਕੇ ਅਸ਼ਲੀਲ ਗਾਣੇ ਗਾਉਣ ਲਈ ਸਿੱਪੀ ਗਿੱਲ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾਵੇ।

ਧੰਨਵਾਦ ਸਹਿਤ,

ਪਰਵਿੰਦਰ ਸਿੰਘ ਕਿੱਤਣਾ
204/217 ਕੇ.ਸੀ.ਟਾਵਰ, ਚੰਡੀਗੜ੍ਹ ਰੋਡ, ਨਵਾਂਸ਼ਹਿਰ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।
Email: pavikittna@gmail.com ਮੋਬਾਇਲ : 98143-13162

---

ਨੋਟ: ਮਾਨਯੋਗ ਸੁਪਰੀਮ ਕੋਰਟ ਵਲੋਂ ਜ਼ਰੂਰੀ ਐਫ.ਆਈ.ਆਰ. ਦਰਜ ਕਰਨ ਸਬੰਧੀ ਹਿਦਾਇਤਾਂ ਦੀ ਕਾਪੀ ਨਾਲ ਨੱਥੀ ਹੈ।
-----------------------------------------------------------------------

**ਮਾਨਯੋਗ ਸੁਪਰੀਮ ਕੋਰਟ ਵਲੋਂ ਮਿਤੀ 12 ਨਵੰਬਰ 2013 ਨੂੰ (ਕੇਸ ਨੰ. 68 ਆਫ 2008) ਐਫ.ਆਈ.ਆਰ. ਦਰਜ਼ ਕਰਨ ਸੰਬੰਧੀ ਹੇਠ ਲਿਖੀਆਂ ਹਿਦਾਇਤਾਂ ਕੀਤੀਆਂ ਗਈਆਂ ਸਨ:-**

1. ਇੰਡੀਅਨ ਪੀਨਲ ਕੋਡ ਦੀ ਧਾਰਾ 154 ਮੁਤਾਬਕ ਐਫ.ਆਈ.ਆਰ. ਦਰਜ਼ ਕਰਨਾ ਜਰੂਰੀ ਹੈ ਜਦੋਂ ਕਿਸੇ ਵੀ ਸੂਚਨਾ ਤੋਂ ਪੁਲਸ ਦੁਆਰਾ ਹੱਥ ਪਾਉਣ ਯੋਗ ਅਪਰਾਧ ਦਾ ਪਤਾ ਲੱਗਦਾ ਹੈ ਅਜਿਹੀ ਹਾਲਤ (ਪੁਲਸ ਦੁਆਰਾ ਹੱਥ ਪਾਉਣ ਯੋਗ ਅਪਰਾਧ ਹੋਣ 'ਤੇ) ਵਿਚ ਮੁਢਲੀ ਇਨਕੁਆਰੀ ਨਹੀਂ ਕੀਤੀ ਜਾ ਸਕਦੀ।
2. ਜੇਕਰ ਪ੍ਰਾਪਤ ਹੋਈ ਸੂਚਨਾ (ਸ਼ਿਕਾਇਤ ਆਦਿ ਤੋਂ) ਇਹ ਪਤਾ ਨਹੀਂ ਲਗਦਾ ਕਿ ਜੁਰਮ ਪੁਲਸ ਦੁਆਰਾ ਹੱਥ ਪਾਉਣਯੋਗ ਹੈ ਤਾਂ ਮੁੱਢਲੀ ਇਨਕੁਆਇਰੀ ਸਿਰਫ ਇਨਾ ਪਤਾ ਲਗਾਉਣ ਲਈ ਹੋਵੇਗੀ ਕਿ ਪੁਲਸ ਦੁਆਰਾ ਹੱਥ ਪਾਉਣਯੋਗ ਜੁਰਮ ਹੈ ਜਾਂ ਨਹੀਂ।
3. ਜੇਕਰ ਜਾਂਚ ਤੋਂ ਪੁਲਸ ਦੁਆਰਾ ਹੱਥ ਪਾਉਣਯੋਗ ਦਾ ਪਤਾ ਲਗਦਾ ਹੈ ਤਾਂ ਐਫ.ਆਈ.ਆਰ. ਹਰ ਹਾਲਤ ਵਿਚ ਦਰਜ਼ ਕੀਤੀ ਜਾਣੀ ਚਾਹੀਦੀ ਹੈ।
4. ਜੇਕਰ ਮੁਢਲੀ ਜਾਂਚ ਤੋਂ ਪੁਲਸ ਦੁਆਰਾ ਹੱਥ ਪਾਉਣ ਯੋਗ ਜੁਰਮ ਸਾਬਤ ਨਹੀਂ ਹੁੰਦਾ ਤੇ ਸ਼ਿਕਾਇਤ ਬੰਦ ਕਰਨੀ ਪੈਂਦੀ ਹੈ ਤਾਂ ਉਸ ਦੀ ਸੂਚਨਾ ਸ਼ਿਕਾਇਤ ਕਰਤਾ ਨੂੰ ਬਿਨਾਂ ਕਿਸੇ ਦੇਰੀ ਤੋਂ ਜਾਂ ਇਕ ਹਫਤੇ ਦੇ ਅੰਦਰ ਅੰਦਰ ਸੰਬੰਧਤ ਕਾਪੀ ਭੇਜ ਕੇ ਦੇਣੀ ਹੋਵੇਗੀ।ਇਸ ਵਿਚ ਸ਼ਿਕਾਇਤ ਬੰਦ ਕਰਨ ਅਤੇ ਕਾਰਵਾਈ ਨਾ ਕਰਨ ਦੇ ਕਾਰਨ ਦੱਸੇ ਹੋਣੇ ਚਾਹੀਦੇ ਹਨ।
5. **ਪੁਲਸ ਅਫਸਰ ਦੁਆਰਾ ਹੱਥ ਪਾਉਣਯੋਗ ਜੁਰਮਾਂ 'ਚ ਐਫ.ਆਈ.ਆਰ. ਦਰਜ਼ ਕਰਨ ਦੀ ਆਪਣੀ ਡਿਊਟੀ ਨੂੰ ਅਣਗੌਲਿਆਂ ਨਹੀਂ ਕਰ ਸਕਦਾ। ਅਜਿਹੇ ਗਲਤ ਅਫਸਰਾਂ 'ਤੇ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਜਿਹੜੇ ਪੁਲਸ ਦੁਆਰਾ ਹੱਥ ਪਾਉਣਯੋਗ ਜੁਰਮਾਂ 'ਤੇ ਸੰਬੰਧੀ ਸੂਚਨਾ ਮਿਲਣ 'ਤੇ ਕਾਰਵਾਈ ਨਹੀਂ ਕਰਦੇ।**
6. ਮੁਢਲੀ ਇਨਕੁਆਰੀ ਇਹ ਪਤਾ ਲਗਾਉਣ ਲਈ ਲਈ ਨਹੀਂ ਹੋਵੇਗੀ ਕਿ ਸੂਚਨਾ ਸੱਚੀ ਹੈ ਜਾਂ ਨਹੀਂ. ਬਲਕਿ ਸਿਰਫ ਇਹ ਪਤਾ ਲਾਉਣ ਲਈ ਹੋਵੇਗੀ ਕਿ ਹੱਥ ਪਾਉਣ ਯੋਗ ਜੁਰਮ ਬਾਰੇ ਹੈ ਜਾਂ ਨਹੀਂ।
7. ਕਿਹੜੇ ਕੇਸਾਂ ਵਿਚ ਮੁੱਢਲੀ ਇਨਕੁਆਰੀ ਕੀਤੀ ਜਾਣੀ ਹੈ, ਇਹ ਹਰ ਕੇਸ ਦੇ ਤੱਥਾਂ ਤੇ ਹਾਲਾਤਾਂ 'ਤੇ ਨਿਰਭਰ ਕਰਦਾ ਹੈ ਲੇਕਿਨ ਜਿਹਨਾਂ ਕੇਸਾਂ 'ਚ ਮੁਢਲੀ ਜਾਂਚ ਕੀਤੀ ਜਾ ਸਕਦੀ ਹੈ ਉਹਨਾਂ ਦੀ ਸ਼੍ਰੇਣੀ ਹੇਠ ਲਿਖੇ ਅਨੁਸਾਰ ਹੈ:-

- ਵਿਆਹੁਤਾ ਝਗੜੇ / ਪਰਿਵਾਰਕ ਝਗੜੇ
- ਵਪਾਰਕ ਜੁਰਮ
- ਮੈਡੀਕਲ ਅਣਗਹਿਲੀ ਸੰਬੰਧੀ ਕੇਸ
- ਭ੍ਰਿਸ਼ਟਾਚਾਰ ਸੰਬੰਧੀ ਕੇਸ
- ਅਜਿਹੇ ਕੇਸ ਜਿਹਨਾਂ 'ਚ ਲੋੜ ਤੋਂ ਜ਼ਿਆਦਾ ਦੇਰੀ ਕਨੂੰਨੀ ਕਾਰਵਾਈ ਲਈ ਹੋਈ ਹੋਵੇ ਉਦਾਹਰਨ ਦੇ ਤੌਰ 'ਤੇ ਹੱਥ ਪਾਉਣਯੋਗ ਜੁਰਮ ਬਾਰੇ ਜੇਕਰ ਦੇਰੀ ਦੇ ਤਸੱਲੀ ਬਖਸ਼ ਕਾਰਨ ਦਸੇ ਬਿਨਾਂ ਤਿੰਨ ਮਹੀਨੇ ਦਾ ਸਮਾਂ ਰਿਪੋਰਟ ਕਰਨ ਲਈ ਲੱਗ ਜਾਵੇ।

ਉਕਤ ਨੁਕਤੇ ਸਭ ਉਦਾਹਰਣ ਵਜੋਂ ਦੱਸੇ ਗਏ ਹਨ ਨਾ ਕਿ ਮੁੱਢਲੀ ਜਾਂਚ ਕਰਨ ਲਈ ਪੂਰੀ ਤਰ੍ਹਾਂ ਸ਼ਰਤਾਂ ਹਨ।

8. ਸ਼ਿਕਾਇਤ ਕਰਤਾ ਤੇ ਮੁਲਜਮ ਦੇ ਹੱਕਾਂ ਦੀ ਰੱਖਿਆ ਯਕੀਨੀ ਬਣਾਉਦਿਆਂ ਮੁਢਲੀ ਜਾਂਚ ਸਮਾ ਬੱਧ ਕੀਤੀ ਜਾਂਦੀ ਹੈ ਤੇ ਇਹ ਕਿਸੇ ਵੀ ਹਾਲਤ ਵਿਚ ਸੱਤ ਦਿਨਾਂ ਤੋਂ ਜ਼ਿਆਦਾ ਸਮੇਂ 'ਚ ਨਹੀਂ ਹੋਣੀ ਚਾਹੀਦੀ।ਇਨੀ ਦੇਰ ਸੰਬੰਧੀ ਵੀ ਤੱਥ ਤੇ ਕਾਰਨ ਸੰਬੰਧਤ ਥਾਣੇ ਦੀ ਜਨਰਲ ਡਾਇਰੀ 'ਚ ਦਰਜ਼ ਹੋਣੇ ਚਾਹੀਦੇ ਹਨ।ਇਸ ਲਈ ਅਸੀਂ (ਸੁਪਰੀਮ ਕੋਰਟ) ਹਿਦਾਇਤ ਕਰਦੇ ਹਾਂ ਥਾਣੇ 'ਚ ਉਪਲਬਧ ਜਨਰਲ ਡਾਇਰੀ / ਸਟੇਸ਼ਨ ਡਾਇਰੀ/ ਡੇਅਲੀ ਡਾਇਰੀ ਆਦਿ 'ਚ ਥਾਣੇ 'ਚ ਪ੍ਰਾਪਤ ਜੁਰਮਾ ਸੰਬੰਧੀ ਸਾਰੀ ਸੂਚਨਾ, ਚਾਹੇ ਉਸ 'ਤੇ ਐਫ.ਆਈ.ਆਰ. ਹੁੰਦੀ ਹੈ ਜਾਂ ਮੁਢਲੀ ਜਾਚ ਲਈ ਜਾਂਦੀ ਹੈ,ਜ਼ਰੂਰੀ ਤੇ ਧਿਆਨ ਪੂਰਬਕ ਦਰਜ ਕੀਤੀ ਜਾਣੀ ਚਾਹੀਦੀ ਹੈ।"

-------------------------------------------------------****************----------------------------------------------------------